**ਕਲਾਕਾਰ ਅਬੋਲ ਦੁਆਰਾ 'ਇੱਕ ਕੋਲਾਜ ਬਣਾਓ'**

ਕੋਲਾਜ ਆਰਟ ਬਣਾਉਣ ਦੇ ਕਈ ਤਰੀਕੇ ਹਨ। ਸਭ ਤੋਂ ਆਸਾਨ ਤਰੀਕਾ ਹੈ ਰੀਸਾਈਕਲ ਕੀਤੇ ਮੈਗਜ਼ੀਨਾਂ ਅਤੇ ਅਖ਼ਬਾਰਾਂ ਤੋਂ ਰੰਗਦਾਰ ਅਤੇ ਪੈਟਰਨ ਵਾਲੇ ਕਾਗਜ਼ ਦੀ ਵਰਤੋਂ ਕਰਨਾ। ਜੇਕਰ ਤੁਹਾਡੀ ਗੂੰਦ ਕੱਟੀ ਹੋਈ ਸਮੱਗਰੀ ਨੂੰ ਤੁਹਾਡੀ ਸਤਹ 'ਤੇ ਚਿਪਕਾ ਦੇਵੇਗੀ ਤਾਂ ਇਸ ਬਾਰੇ ਕੋਈ ਸੀਮਾ ਨਹੀਂ ਹੈ ਕਿ ਤੁਹਾਡੇ ਕੋਲਾਜ ਵਿੱਚ ਕੀ ਸ਼ਾਮਲ ਕੀਤਾ ਜਾ ਸਕਦਾ ਹੈ। ਤੁਸੀਂ ਆਪਣੇ ਕੋਲਾਜ ਵਿੱਚ ਪੇਂਟ, ਫੈਬਰਿਕ ਸਕ੍ਰੈਪ ਜਾਂ ਭਾਵੁਕ ਚੀਜ਼ਾਂ ਵੀ ਸ਼ਾਮਲ ਕਰ ਸਕਦੇ ਹੋ। ਇਸ ਪਾਠ ਵਿੱਚ, ਅਸੀਂ ਕਾਗਜ਼ ਨਾਲ ਕੋਲਾਜ ਬਣਾਵਾਂਗੇ।

**ਕਦਮ 1**: ਹੇਠ ਲਿਖੀਆਂ ਸਮੱਗਰੀਆਂ ਇਕੱਠੀਆਂ ਕਰਕੇ ਸ਼ੁਰੂਆਤ ਕਰੋ:



ਕਾਗਜ਼ ਕੱਟਣ ਲਈ ਕੈਂਚੀ



ਇੱਕ ਪੈਨਸਿਲ ਅਤੇ ਰਬੜ (ਇਰੇਜ਼ਰ)



ਗਲੂ (ਗੂੰਦ) ਸਟਿੱਕ



ਪੁਰਾਣੀਆਂ ਮੈਗਜ਼ੀਨਾਂ



ਮੋਟਾ ਕਾਗਜ਼ ਜਾਂ ਕਾਰਡਸਟੌਕ



ਹੋਰ ਰੰਗੀਨ, ਰੀਸਾਈਕਲ ਕੀਤੇ ਕਾਗਜ਼ ਜਿਵੇਂ ਰੈਪਿੰਗ ਪੇਪਰ ਜਾਂ ਪੁਰਾਣੀਆਂ ਅਖ਼ਬਾਰਾਂ



ਟ੍ਰੇਸਿੰਗ ਪੇਪਰ



ਇੱਕ ਮਾਸਟਰਪੀਸ ਦੀ ਇੱਕ ਕਾਪੀ ਜਿਸਦੀ ਤੁਸੀਂ ਪ੍ਰਸ਼ੰਸਾ ਕਰਦੇ ਹੋ, ਇੱਕ ਫੋਟੋ ਜਾਂ ਇੱਕ ਚਿੱਤਰ ਜਾਂ ਦ੍ਰਿਸ਼ਟਾਂਤ ਜੋ ਤੁਹਾਨੂੰ ਪਸੰਦ ਹੈ। ਇਸ ਅਭਿਆਸ ਲਈ, ਮੈਂ ਵੈਨ ਗੌਗ (Van Gogh) ਦੀ ਪੇਂਟਿੰਗ *Bedroom in Arles* ਨੂੰ ਚੁਣਿਆ ਹੈ।

**ਕਦਮ 2:** ਟ੍ਰੇਸਿੰਗ ਪੇਪਰ ਦੀ ਇੱਕ ਸ਼ੀਟ ਨੂੰ ਆਪਣੇ ਚਿੱਤਰ ਦੇ ਉੱਪਰ ਰੱਖੋ ਅਤੇ ਇੱਕ ਪੈਨਸਿਲ ਦੀ ਵਰਤੋਂ ਕਰਕੇ, ਚਿੱਤਰ ਵਿੱਚ ਉਹਨਾਂ ਤੱਤਾਂ ਨੂੰ ਟ੍ਰੇਸ ਕਰੋ ਜੋ ਤੁਸੀਂ ਆਪਣੀ ਕਲਾਕਾਰੀ ਵਿੱਚ ਸ਼ਾਮਲ ਕਰਨਾ ਚਾਹੁੰਦੇ ਹੋ। ਤੁਹਾਨੂੰ ਹਰ ਚੀਜ਼ ਨੂੰ ਟ੍ਰੇਸ ਕਰਨ ਦੀ ਲੋੜ ਨਹੀਂ ਹੈ, ਚਿੱਤਰ ਦੇ ਫ੍ਰੇਮ ਜਾਂ ਰੂਪਰੇਖਾ ਨੂੰ ਟ੍ਰੇਸ ਕਰਕੇ ਸ਼ੁਰੂ ਕਰੋ। ਉਸ ਤੱਤ ਦਾ ਰੰਗ ਲਿਖੋ ਜੋ ਤੁਸੀਂ ਆਪਣੇ ਟ੍ਰੇਸਿੰਗ ਪੇਪਰ 'ਤੇ ਟ੍ਰੇਸ ਕੀਤਾ ਹੈ। ਉਦਾਹਰਨ ਲਈ, ਕੰਧਾਂ ਨੀਲੀਆਂ ਹਨ, ਅਤੇ ਫਰਸ਼ ਗੁਲਾਬੀ ਹੈ। ਤੁਹਾਨੂੰ ਬਿਲਕੁਲ ਅਸਲ ਚਿੱਤਰ ਵਾਲਾ ਰੰਗ ਵਰਤਣ ਦੀ ਲੋੜ ਨਹੀਂ ਹੈ, ਚਿੱਤਰ ਦਾ ਆਪਣਾ ਸੰਸਕਰਣ ਬਣਾਉਣ ਲਈ ਸੁਤੰਤਰ ਮਹਿਸੂਸ ਕਰੋ।



**ਕਦਮ 3:** ਟ੍ਰੇਸਿੰਗ ਪੇਪਰ ਦੀ ਇੱਕ ਨਵੀਂ ਸ਼ੀਟ ਦੀ ਵਰਤੋਂ ਕਰਦੇ ਹੋਏ, ਚਿੱਤਰ ਵਿੱਚ ਕੁਝ ਮੁੱਖ ਤੱਤਾਂ ਨੂੰ ਟ੍ਰੇਸ ਕਰੋ। ਇਸ ਉਦਾਹਰਨ ਵਿੱਚ, ਮੈਂ ਬਿਸਤਰੇ, ਖਿੜਕੀ ਅਤੇ ਮੇਜ਼ ਨੂੰ ਟ੍ਰੇਸ ਕੀਤਾ ਹੈ। ਹਰੇਕ ਤੱਤ ਦਾ ਰੰਗ ਲਿਖੋ।

**ਕਦਮ 4:** ਟ੍ਰੇਸਿੰਗ ਪੇਪਰ ਦੀ ਇੱਕ ਹੋਰ ਸਾਫ਼ ਸ਼ੀਟ ਉੱਤੇ ਛੋਟੇ ਤੱਤਾਂ ਨੂੰ ਟ੍ਰੇਸ ਕਰਕੇ ਕੁਝ ਹੋਰ ਵੇਰਵੇ ਕੈਪਚਰ ਕਰੋ। ਮੈਂ ਬਿਸਤਰੇ ਦੀਆਂ ਚਾਦਰਾਂ, ਸਿਰਹਾਣੇ ਅਤੇ ਇੱਕ ਤਸਵੀਰ ਫ੍ਰੇਮ ਨੂੰ ਟ੍ਰੇਸ ਕੀਤਾ ਹੈ। ਤੁਸੀਂ ਚਿੱਤਰ ਵਿੱਚ ਆਪਣੇ ਖੁਦ ਦੇ ਤੱਤ ਵੀ ਸ਼ਾਮਲ ਕਰ ਸਕਦੇ ਹੋ, ਜਿਵੇਂ ਕਿ ਮੇਜ਼ ਉੱਤੇ ਫੁੱਲਾਂ ਦੀ ਇੱਕ ਕਾਲਪਨਿਕ ਫੁੱਲਦਾਨ।







ਤੁਹਾਡੇ ਟ੍ਰੇਸ ਕੀਤੇ ਤੱਤਾਂ ਦਾ ਸੰਗ੍ਰਹਿ ਕੁਝ ਇਸ ਤਰ੍ਹਾਂ ਦਿਖਾਈ ਦੇ ਸਕਦਾ ਹੈ:



**ਕਦਮ 5:** ਆਪਣੀਆਂ ਮੈਗਜ਼ੀਨਾਂ ਦੇ ਪੰਨੇ ਪਲਟੋ ਅਤੇ ਉਹਨਾਂ ਚਿੱਤਰਾਂ ਨੂੰ ਲੱਭੋ ਜਿਨ੍ਹਾਂ ਦੇ ਰੰਗ ਉਹਨਾਂ ਨਾਲ ਮਿਲਦੇ ਹਨ ਜੋ ਤੁਸੀਂ ਹਰੇਕ ਤੱਤ ਲਈ ਪਛਾਣਿਆ ਹੈ। ਇਸ ਕਦਮ ਵਿੱਚ ਥੋੜ੍ਹਾ ਸਮਾਂ ਲੱਗ ਸਕਦਾ ਹੈ! ਆਪਣੇ ਟ੍ਰੇਸਿੰਗ ਪੇਪਰ ਦੇ ਆਕਾਰ ਮੈਗਜ਼ੀਨ ਦੇ ਚਿੱਤਰਾਂ ਦੇ ਉੱਪਰ ਰੱਖੋ ਅਤੇ ਉਹਨਾਂ ਦੇ ਆਲੇ ਦੁਆਲੇ ਕੱਟੋ। ਮੈਗਜ਼ੀਨਾਂ ਤੋਂ ਚਿੱਤਰਾਂ ਦੀ ਚੋਣ ਕਰਨ ਵਿੱਚ ਆਨੰਦ ਲਵੋ। ਉਹ ਠੋਸ ਰੰਗ ਹੋ ਸਕਦੇ ਹਨ, ਰੰਗਾਂ ਦਾ ਮਿਸ਼ਰਣ ਹੋ ਸਕਦਾ ਹੈ ਜਾਂ ਟੈਕਸਚਰ ਹੋ ਸਕਦਾ ਹੈ ਜੋ ਤੁਹਾਡੇ ਕੋਲਾਜ ਦੇ ਕੰਮ ਦੀ ਸ਼ੋਭਾ ਵਧਾ ਸਕਦਾ ਹੈ!





**ਕਦਮ 6:** ਇੱਕ ਵਾਰ ਜਦੋਂ ਤੁਹਾਡੇ ਕੋਲ ਤੁਹਾਡੇ ਸਾਰੇ ਟੁਕੜੇ ਆ ਜਾਂਦੇ ਹਨ, ਤਾਂ ਹੁਣ ਉਹਨਾਂ ਨੂੰ ਤੁਹਾਡੇ ਬੇਸ ਪੇਪਰ 'ਤੇ ਚਿਪਕਾਉਣਾ ਸ਼ੁਰੂ ਕਰਨ ਦਾ ਸਮਾਂ ਆ ਗਿਆ ਹੈ। ਮੁੱਖ ਢਾਂਚੇ (ਅਰਥਾਤ, ਬੈੱਡਰੂਮ ਦੇ ਫਰਸ਼ ਅਤੇ ਕੰਧਾਂ) ਨਾਲ ਸ਼ੁਰੂ ਕਰੋ ਅਤੇ ਆਪਣੇ ਕੱਟੇ ਹੋਏ ਚਿੱਤਰਾਂ ਦੇ ਪਿਛਲੇ ਪਾਸੇ ਹੌਲੀ-ਹੌਲੀ ਆਪਣੀ ਗਲੂ-ਸਟਿਕ ਚਲਾਓ ਅਤੇ ਫਿਰ ਉਹਨਾਂ ਨੂੰ ਆਪਣੇ ਬੇਸ ਪੇਪਰ 'ਤੇ ਰੱਖੋ। ਮਜ਼ਬੂਤੀ ਨਾਲ ਦਬਾਓ ਅਤੇ ਇਹ ਯਕੀਨੀ ਬਣਾਉਣ ਲਈ ਕੁਝ ਸਕਿੰਟਾਂ ਲਈ ਉਡੀਕ ਕਰੋ ਕਿ ਟੁਕੜੇ ਜੁੜ ਗਏ ਹਨ। ਇੱਕ ਵਾਰ ਜਦੋਂ ਤੁਹਾਡਾ ਮੁੱਖ ਢਾਂਚਾ ਪੂਰਾ ਹੋ ਜਾਂਦਾ ਹੈ, ਤਾਂ ਤੱਤ (ਜਿਵੇਂ ਕਿ ਬਿਸਤਰਾ, ਖਿੜਕੀ, ਮੇਜ਼) ਰੱਖੋ ਅਤੇ ਅੰਤ ਵਿੱਚ ਛੋਟੇ ਵੇਰਵੇ ਰੱਖੋ। ਆਪਣੇ ਕੋਲਾਜ ਨੂੰ ਅਸਲੀ ਚਿੱਤਰ ਵਾਂਗ ਹੀ ਵਿਵਸਥਿਤ ਕਰਨ ਜਾਂ ਇਸ ਵਿੱਚ ਕੁਝ ਤਬਦੀਲੀਆਂ ਕਰਨ ਲਈ ਸੁਤੰਤਰ ਮਹਿਸੂਸ ਕਰੋ!



ਤੁਹਾਡਾ ਮਾਸਟਰਪੀਸ ਪੂਰਾ ਹੋ ਗਿਆ ਹੈ!